a2zpapers.com

**Exam. Code : 108602**
**Subject Code : 2241**

**B.Sc. Fashion Designing 2nd Semester**
**PUNJABI COMPULSORY**
**Paper—VI Opt.(i)**

Time Allowed—3 Hours] [Maximum Marks—50

**ਨੋਟ :—** ਕੋਈ **ਪੰਜ** ਪ੍ਰਸ਼ਨਾਂ ਕਰੋ। ਹਰ ਸੈਕਸ਼ਨ ਚੋਂ **ਇੱਕ** ਪ੍ਰਸ਼ਨ ਦਾ ਉੱਤਰ ਦੇਣਾ ਜ਼ਰੂਰੀ ਹੈ। **ਪੰਜਵਾਂ** ਪ੍ਰਸ਼ਨ ਕਿਸੇ ਵੀ ਸੈਕਸ਼ਨ ਚੋਂ ਕਰੋ। ਹਰੇਕ ਪ੍ਰਸ਼ਨ ਦੇ ਅੰਕ ਬਰਾਬਰ ਹਨ।

**ਸੈਕਸ਼ਨ-ਏ**

1. ਕਿਸੇ **ਇੱਕ** ਕਹਾਣੀ ਦਾ ਵਿਸ਼ਾ-ਵਸਤੂ ਸਪਸ਼ਟ ਕਰੋ :
   (ੳ) ਪਠਾਣ ਕੀ ਧੀ (ਅ) ਦਲਦਲ 10

2. ਕਿਸੇ **ਇੱਕ** ਪਾਤਰ ਦੀ ਪਾਤਰ-ਉਸਾਰੀ ਕਰੋ :
   (ੳ) ਕਪੂਰ ਸਿੰਘ (ਸਾਂਝੀ ਕੰਧ)
   (ਅ) ਕਿਸ਼ਨਾ (ਘੋਟਣਾ) 10

**ਸੈਕਸ਼ਨ-ਬੀ**

3. ਕਿਸੇ **ਇੱਕ** ਲੇਖ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ :
   (ੳ) ਮੁੜ ਪ੍ਰੋਫੈਸਰੀ (ਅ) ਅਫਗਾਨਿਸਤਾਨ ਦੇ ਲੋਕ 10

4. ਪ੍ਰੋ. ਪੂਰਨ ਸਿੰਘ **ਜਾਂ** ਸ.ਸ. ਅਮੋਲ ਦੀ ਲਿਖਣ-ਸ਼ੈਲੀ ਬਾਰੇ ਚਰਚਾ ਕਰੋ। 10



www.a2zpapers.com www.a2zpapers.com
oad free old Question papers gndu, ptu hp board, punjab

a2zpapers.com

## ਸੈਕਸ਼ਨ-ਸੀ

5. ਵਧੇਤਰ ਦੀ ਪਰਿਭਾਸ਼ਾ ਅਤੇ ਕਿਸਮਾਂ ਬਾਰੇ ਜਾਣਕਾਰੀ ਦਿਓ। 10

6. ਪੜਨਾਂਵ ਤੋਂ ਕੀ ਭਾਵ ਹੈ ? ਇਹ ਕਿੰਨੀ ਤਰ੍ਹਾਂ ਦੇ ਹੁੰਦੇ ਹਨ ? 10

## ਸੈਕਸ਼ਨ-ਡੀ

7. ਹੇਠ ਦਿਤੇ ਪੈਰ੍ਹੇ ਦੀ ਸੰਖੇਪ ਰਚਨਾ ਕਰੋ ਤੇ ਇਸਦਾ ਢੁੱਕਵਾਂ ਸਿਰਲੇਖ ਵੀ ਦਿਉ :

ਜਦੋਂ ਅਸੀਂ ਸਵੇਰੇ ਉਠਦੇ ਹਾਂ ਤਾਂ ਸਾਨੂੰ ਸਭ ਤੋਂ ਪਹਿਲਾਂ ਗੁਰਦੁਆਰੇ ਦਾ ਪਾਠ ਸੁਣਦਾ ਹੈ, ਪਰ ਮੈਨੂੰ ਇਸਤੋਂ ਵੀ ਮਿੱਠੀ ਅਵਾਜ਼ ਸੁਣਦੀ ਹੈ। ਉਹ ਅਵਾਜ਼ ਕਿਸੇ ਹੋਰ ਦੀ ਨਹੀਂ ਬਲਕਿ ਸਾਡੇ ਗੇਟ ਦੇ ਨਾਲ ਬੰਨੇ ਤੇ ਬੈਠੀਆਂ ਰੰਗ-ਬਰੰਗੀਆਂ ਚਿੜੀਆਂ ਦੀ ਹੈ। ਚੀਂ-ਚੀਂ ਕਰਦੀਆਂ ਚਿੜੀਆਂ ਮੈਨੂੰ ਚੰਗੀਆਂ ਲਗਦੀਆਂ ਹਨ, ਜਿਵੇਂ ਉਹ ਮੈਨੂੰ ਪਿਆਰ ਨਾਲ ਆਪਣੀ ਸੁਰੀਲੀ ਅਵਾਜ਼ ਵਿਚ ਗੁਡ-ਮਾਰਨਿੰਗ ਆਖ ਰਹੀਆਂ ਹੋਣ। ਅਸਲ ਵਿਚ ਮੈਂ ਸਵੇਰੇ ਸਕੂਲ ਜਾਣ ਕਰਕੇ ਨਹੀਂ, ਇਨ੍ਹਾਂ ਚਿੜੀਆਂ ਦੀ ਅਵਾਜ਼ ਤੇ ਸੁਰੀਲੇ ਗਾਣੇ ਸੁਣਨ ਲਈ ਉਠਦੀ ਹਾਂ। ਮੇਰਾ ਸਕੂਲ ਜਾਣ ਨੂੰ ਬਿਲਕੁਲ ਮਨ ਨਹੀਂ ਕਰਦਾ। ਪਰ ਜਦੋਂ ਮੈਂ ਵੇਖਦੀ ਹਾਂ ਕਿ ਇਹ ਚਿੜੀਆਂ ਵੀ ਤਾਂ ਸਵੇਰੇ-ਸਵੇਰੇ ਉਠ ਕੇ ਆਪਣੇ ਸੁਰੀਲੇ ਗੀਤ ਸੁਣਾਉਂਦੀਆਂ ਹਨ ਤਾਂ ਮੇਰਾ ਹੌਸਲਾ ਵਧ ਜਾਂਦਾ ਹੈ ਤੇ ਮੈਂ ਖੁਸ਼ੀ-ਖੁਸ਼ੀ ਆਪਣੇ ਦਿਨ ਦੀ ਸ਼ੁਰੂਆਤ ਕਰਦੀ ਹਾਂ। 10

8. ਹੇਠ ਲਿਖਿਆਂ 'ਚੋਂ ਕਿਸੇ **ਪੰਜ** ਦੀ ਵਾਕਾਂ ਵਿਚ ਵਰਤੋਂ ਕਰੋ : ਇੱਕ ਪੰਥ ਦੋ ਕਾਜ, ਆਪ ਮਰੇ ਜਗ ਪਰਲੋ, ਅੰਨ੍ਹਿਆਂ ਵਿਚ ਕਾਣਾ ਰਾਜਾ, ਜਿਥੇ ਚਾਹ ਉਥੇ ਰਾਹ, ਕੱਛਾਂ ਵਜਾਉਣੀਆਂ, ਉਖਲੀ ਵਿਚ ਸਿਰ ਦੇਣਾ, ਨੌਂ ਦੋ ਗਿਆਰਾਂ ਹੋਣਾ, ਉਧੜ ਧੁੰਮੀ ਮਚਾਉਣੀ। 10



www.a2zpapers.com
www.a2zpapers.com www.a2zpapers.com
oad free old Question papers gndu, ptu hp board, punjab